## ਐਸ.ਸੀ. 2.12 ਅਨੁਸੂਚਿਤ ਜਾਤੀ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜੀਫਾ ਦੇਣ ਦੀ ਸਕੀਮ

### ਜਾਣ ਪਹਿਚਾਣ

ਇਹ ਮਹਿਸੂਸ ਕੀਤਾ ਗਿਆ ਹੈ ਕਿ ਵਿਦਿਅਕ ਸੰਸਥਾਵਾਂ ਵਿੱਚ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਦੀ ਗਿਣਤੀ ਉਹਨਾਂ ਦੀ ਆਬਾਦੀ ਤੋਂ ਘੱਟ ਹੈ, ਕਿਉਂਕਿ ਉਹਨਾਂ ਦੇ ਮਾਪੇ/ਸਰਪ੍ਰਸਤ ਗਰੀਬ ਵਰਗ ਦੇ ਹਨ ਅਤੇ ਉਹ ਲੜਕੀਆਂ ਨੂੰ ਪੜ੍ਹਾਉਣ ਤੋਂ ਅਸਮਰੱਥ ਹਨ। ਜੇਕਰ ਸਾਰੀਆਂ ਲੜਕੀਆਂ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਦੀਆਂ ਹਨ, ਪ੍ਰੰਤੂ ਉਹਨਾਂ ਦੇ ਮਾਪਿਆਂ ਵੱਲੋਂ ਉਹਨਾਂ ਨੂੰ ਸਕੂਲੋਂ ਹਟਾ ਕੇ ਛੋਟੇ ਮੋਟੇ ਕੰਮਾਂ ਵਿੱਚ ਲਗਾ ਦਿੱਤਾ ਜਾਂਦਾ ਹੈ ਤਾਂ ਜੋ ਉਹਨਾਂ ਦੀ ਆਮਦਨ ਵੱਧ ਸਕੇ। ਇਨ੍ਹਾਂ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਸਰਕਾਰ ਵੱਲੋਂ ਪ੍ਰਾਇਮਰੀ ਕਲਾਸਾਂ ਵਿੱਚ ਸਕੂਲ ਛੱਡਣ ਦੀ ਪ੍ਰਥਾ ਨੂੰ ਮੁੱਢਲੇ ਤੌਰ ਤੇ ਰੋਕਣ ਲਈ ਹਾਜਰੀ ਵਜੀਫਾ ਸਕੀਮ ਸਾਲ 1992-93 ਦੌਰਾਨ ਜਿਲ੍ਹਾ ਪਲਾਨ ਪੱਧਰ ਤੇ ਸ਼ੁਰੂ ਕੀਤੀ ਗਈ ਸੀ ਪ੍ਰੰਤੂ ਸਾਲ 2008-09 ਦੌਰਾਨ ਇਹ ਸਕੀਮ ਰਾਜ ਪੱਧਰ ਦੀਆਂ ਸਕੀਮਾਂ ਵਿੱਚ ਸ਼ਾਮਲ ਕੀਤੀ ਗਈ ਹੈ।

### ਸਕੀਮ ਦੇ ਨਾਰਮਜ

ਸਕੀਮ ਅਧੀਨ 50/-ਰੁਪਏ ਪ੍ਰਤੀ ਮਹੀਨਾ ਹਾਜਰੀ ਵਜੀਫਾ ਦੀ ਦਰ ਨਾਲ, ਸਾਲ ਵਿੱਚ 10 ਮਹੀਨਿਆਂ ਲਈ ਵਜੀਫਾ ਦਿੱਤਾ ਜਾਂਦਾ ਹੈ। ਜਿਨ੍ਹਾਂ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਵਜੀਫਾ ਦਿੱਤਾ ਜਾਣਾ ਹੈ, ਉਹ ਪੰਜਾਬ ਰਾਜ ਦੀਆਂ ਵਸਨੀਕ ਹੋਣ ਅਤੇ ਪ੍ਰਾਇਮਰੀ ਕਲਾਸਾਂ ਵਿੱਚ ਪੜ੍ਹਦੀਆਂ ਹੋਣ। ਇਸ ਤੋਂ ਇਲਾਵਾ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੀਆਂ ਹੋਣ:-

1. ਉਹਨਾਂ ਦੇ ਮਾਪਿਆਂ ਦੀ ਪੰਜ ਏਕੜ ਤੋਂ ਵੱਧ ਜਮੀਨ ਨਾ ਹੋਵੇ;
2. ਉਹਨਾ ਦੇ ਮਾਪੇ/ਸਰਪ੍ਰਸਤ ਆਮਦਨ ਕਰ ਨਾ ਦਿੰਦੇ ਹੋਣ;
3. ਵਜੀਫਾ ਪ੍ਰਾਪਤ ਕਰਨ ਲਈ ਘੱਟੋ ਘੱਟ 75% ਹਾਜਰੀਆਂ ਹੋਣੀਆਂ ਚਾਹੀਦੀਆਂ ਹਨ;